# ਪਸ਼ੂਆਂ ਵਿੱਚ ਉੱਭਰਦੀ ਹੋਈ ਬਿਮਾਰੀ: ਲੰਪੀ ਸਕਿੰਨ ਡਿਜ਼ੀਜ਼

ਲੰਪੀ ਸਕਿੱਨ ਡਿਜ਼ੀਜ਼ ਜਾਂ ਚਮੜੀ ਦੀਆਂ ਗੱਠਾਂ ਦੀ ਬਿਮਾਰੀ ਮੱਝਾਂ ਅਤੇ ਗਾਵਾਂ ਵਿੱਚ ਵਿਸ਼ਾਣੂ ਕਾਰਨ ਹੋਣ ਵਾਲੀ ਖਸਰੇ ਜਿਹੀ ਇੱਕ ਛੂਤ ਦੀ ਬਿਮਾਰੀ ਹੈ ਜੋ ਅੱਜ ਕੱਲ ਕਾਫੀ ਫੈਲੀ ਹੋਈ ਹੈ ਅਤੇ ਮਹਾਂਮਾਰੀ ਦਾ ਰੂਪ ਧਾਰਣ ਕਰ ਗਈ ਹੈ। ਇਹ ਬਿਮਾਰੀ ਇੱਕ ਪਸ਼ੂ ਤੋਂ ਦੂਜੇ ਨੂੰ ਸੰਪਰਕ ਰਾਹੀ ਫੈਲਦੀ ਹੈ। ਇਸ ਬਿਮਾਰੀ ਨੇ ਦੱਖਣ ਭਾਰਤ ਦੇ ਰਾਜਾਂ ਤੋਂ ਹੋ ਕੇ ਉੱਤਰੀ ਭਾਰਤ ਨੂੰ ਵੀ ਆਪਣੀ ਚਪੇਟ ਵਿਚ ਲੈ ਲਿਆ ਹੈ। ਮੱਛਰ, ਮੱਖੀਆਂ ਅਤੇ ਚਿੱਚੜ ਵੀ ਇਸ ਨੂੰ ਫੈਲਾਉਣ ਵਿਚ ਮਦਦਗਾਰ ਸਮਝੇ ਜਾਂਦੇ ਹਨ। ਇਹ ਬਿਮਾਰੀ ਜ਼ਿਆਦਾਤਰ ਗਰਮ ਅਤੇ ਹੁੰਮਸ ਵਾਲੇ ਮੌਸਮ ਵਿੱਚ ਹੁੰਦੀ ਹੈ। ਇਸ ਬਿਮਾਰੀ ਨਾਲ ਗ੍ਰਸਤ ਪਸ਼ੂ ਨੂੰ 2-3 ਦਿਨ ਲਈ ਹਲਕਾ ਬੁਖਾਰ ਹੁੰਦਾ ਹੈ, ਅਤੇ ਪੂਰੇ ਸਰੀਰ ਦੀ ਚਮੜੀ ਉੱਤੇ 2-5 ਸੈਂਟੀਮੀਟਰ ਦੀਆਂ ਸਖਤ ਗੱਠਾਂ ਉੱਭਰ ਆਉਂਦੀਆਂ ਹਨ। ਇਹਨਾਂ ਗੱਠਾਂ ਵਿੱਚੋਂ ਦੁੱਧੀਆ ਪੀਲੀ ਪੀਕ ਨਿਕਲਦੀ ਹੈ ਜਾਂ ਫਿਰ ਇਹ ਚਮੜੀ ਗਲ ਜਾਂਦੀ ਹੈ ਅਤੇ ਇਥੇ ਇੰਨਫੈਕਸ਼ਨ ਹੋ ਜਾਂਦੀ ਹੈ। ਜਿਸ ਕਾਰਨ ਪਸ਼ੂ ਨੂੰ ਤਕਲੀਫ ਹੁੰਦੀ ਹੈ ਅਤੇ ਪਸ਼ੂ ਬਹੁਤ ਕਮਜ਼ੋਰ ਹੋ ਜਾਂਦਾ ਹੈ। ਇਸ ਬਿਮਾਰੀ ਦੇ ਲੱਛਣ ਜਨੇਊ ਜਾ ਹਰਪੀਜ਼ ਚਮੜੀ ਦੀ ਬਿਮਾਰੀ ਨਾਲ ਮਿਲਦੇ ਹਨ ਅਤੇ ਟੈਸਟਾ ਰਾਹੀਂ ਇਹਨਾ ਦਾ ਪਤਾ ਲਗਾਇਆ ਜਾ ਸਕਦਾ ਹੈ।ਇਸ ਦੇ ਨਾਲ ਕਈ ਤਰ੍ਹਾਂ ਦੀਆਂ ਹੋਰ ਨਿਸ਼ਾਨੀਆਂ ਜਿਵੇ ਕਿ ਮੂੰਹ, ਸਾਹ ਨਾਲੀ ਮਿਹਦੇ ਅਤੇ ਪ੍ਰਜ਼ਣਨ ਅੰਗਾਂ ਵਿੱਚ ਜ਼ਖਮ, ਕਮਜ਼ੋਰੀ, ਲਿੰਫਨੋਡਜ਼ (ਰੱਖਿਆ ਪ੍ਰਣਾਲੀ ਦਾ ਹਿੱਸਾ) ਦੀ ਸੋਜ਼ਿਸ, ਲੱਤਾਂ ਵਿੱਚ ਪਾਣੀ ਭਰਨਾ, ਦੁੱਧ ਵਿੱਚ ਕਮੀ, ਬੱਚਾ ਸੁੱਟਣਾ, ਪਸ਼ੂ ਦਾ ਬਾਂਝ ਹੋਣਾ ਅਤੇ ਕਿਸੇ ਕਿਸੇ ਪਸ਼ੂ ਦੀ ਮੌਤ ਆਦਿ ਵੀ ਹੋ ਸਕਦੀਆਂ ਹਨ। ਹਾਲਾਂਕਿ ਬਿਮਾਰ ਪਸ਼ੂ 2-3 ਹਫ਼ਤਿਆਂ ਵਿੱਚ ਠੀਕ ਹੋ ਜਾਂਦਾ ਹੈ, ਪਰ ਦੁੱਧ ਦੀ ਪੈਦਾਵਾਰ ਕਾਫੀ ਸਮੇਂ ਤੱਕ ਘਟੀ ਰਹਿੰਦੀ ਹੈ ਅਤੇ 1-5 ਫੀਸਦੀ ਪਸ਼ੂਆਂ ਦੀ ਮੌਤ ਵੀ ਹੋ ਜਾਂਦੀ ਹੈ।

**ਪਸ਼ੂਆਂ ਨੂੰ ਬਿਮਾਰੀ ਤੋਂ ਬਚਾਉਣ ਦੇ ਤਰੀਕੇ:**

ਬਿਮਾਰੀ ਤੋਂ ਬਚਾਅ ਲਈ ਗੋਟ ਪੌਕਸ (ਮਾਤਾ) ਵੈਕਸੀਨ ਨਾਲ ਮੱਝਾ ਅਤੇ ਗਾਵਾਂ ਦਾ ਟੀਕਾਕਰਨ ਕਰਨਾ ਚਾਹੀਦਾ ਹੈ। ਬਿਮਾਰ ਪਸ਼ੂਆਂ ਨੂੰ ਤੰਦਰੁਸਤ ਪਸ਼ੂਆਂ ਤੋਂ ਅਲੱਗ ਕਰ ਦਿਉ ਅਤੇ ਬਾਕੀ ਪਸ਼ੂਆਂ ਨੂੰ ਉਸਦੇ ਸਪੰਰਕ ਵਿੱਚ ਨਾ ਆਉਣ ਦਿਉ। ਮੇਲੇ, ਮੰਡੀਆਂ ਜਾਂ ਪਸ਼ੂ ਮੁਕਾਬਲਿਆਂ ਵਿੱਚ ਪਸ਼ੂਆਂ ਨੂੰ ਲਿਜਾਣ ਤੋਂ ਪਰਹੇਜ਼ ਕਰੋ ਅਤੇ ਬਿਮਾਰੀ ਦੇ ਲੱਛਣ ਦਰਸਾਉਣ ਵਾਲੇ ਪਸ਼ੂਆਂ ਨੂੰ ਨਾ ਖਰੀਦੋ। ਪਸ਼ੂ ਪਾਲਕ ਜਾਂ ਕਾਮੇ ਇੱਕ ਹੀ ਫ਼ਾਰਮ ਤੇ ਕੰਮ ਕਰਨ ਅਤੇ ਅਲੱਗ-ਅੱਲਗ ਫ਼ਾਰਮਾਂ ਤੇ ਨਾ ਜਾਣ ਅਤੇ ਖਾਸ ਤੌਰ ਤੇ ਆਪਣੇ ਸਰੀਰ ਦੀ ਸਫਾਈ ਵੱਲ ਧਿਆਨ ਦੇਣ। ਜਿਹੜੇ ਸਾਨ੍ਹ ਇਸ ਬਿਮਾਰੀ ਤੋਂ ਉੱਭਰ ਗਏ ਹੋਣ, ਉਹਨਾਂ ਦੇ ਖ਼ੂਨ ਅਤੇ ਵੀਰਜ ਦੀ ਲੈਬੋਰੈਟਰੀ ਵਿੱਚ ਗਹਿਰੀ ਜਾਂਚ ਕਰਨੀ ਚਾਹੀਦੀ ਹੈ। ਜੇ ਜਾਂਚ ਦੇ ਨਤੀਜੇ ਠੀਕ ਹੋਣ ਤਾਂ ਉਸ ਤੋਂ ਬਾਅਦ ਹੀ ਇਹਨਾਂ ਦੇ ਵੀਰਜ ਦੇ ਟੀਕੇ ਬਣਾਉਣੇ ਚਾਹੀਦੇ ਹਨ।

**ਇਲਾਜ ਸਬੰਧੀ ਧਿਆਨ ਦੇਣ ਯੋਗ ਗੱਲਾਂ:**

ਇਲਾਜ ਕਰਨ ਲਈ ਮਾਹਿਰ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ ਅਤੇ ਬਿਮਾਰ ਪਸ਼ੂਆਂ ਨੂੰ ਇਲਾਜ ਦੌਰਾਨ ਅੱਲਗ ਕਰਕੇ ਰੱਖਣਾ ਚਾਹੀਦਾ ਹੈ। ਬਿਮਾਰ ਜਾਨਵਰਾਂ ਦੇ ਇਲਾਜ ਵਿੱਚ ਲੋੜ ਅਨੁਸਾਰ ਐਂਟੀਬਾਇਓਟਿਕ ਦਵਾਈਆਂ ਖਾਸ ਕਰਕੇ ਸਲਫਾ ਸਮੂਹ ਦੀਆਂ ਦਵਾਈਆ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਦੇ ਨਾਲ ਬੁਖਾਰ ਘਟਾਉਣ ਦੀ ਦਵਾਈ ਦਿੱਤੀ ਜਾ ਸਕਦੀ ਹੈ। ਜੇਕਰ ਪਸ਼ੁ ਦੇ ਸਰੀਰ *ਤੇ ਜ਼ਖਮ ਹੋਣ ਤਾਂ ਮੱਲ੍ਹਮ ਲਗਾਉਣੀ ਚਾਹੀਦੀ ਹੈ। ਇਸ ਤੋਂ ਇਲਾਵਾ ਜਖਮਾਂ ਨੂੰ ਭਰਨ ਲਈ ਪਸ਼ੂ ਨੂੰ ਵਿਟਾਮਿਨ ਦੀ ਖੁਰਾਕ ਦੇਣੀ ਚਾਹੀਦੀ ਹੈ। ਪਸ਼ੂਆਂ ਨੂੰ ਨਰਮ ਚਾਰਾ ਅਤੇ ਅਸਾਨੀ ਨਾਲ ਹਜ਼ਮ ਹੋਣ ਵਾਲੀ ਵੰਡ ਦੇਣੀ ਚਾਹੀਦੀ ਹੈ।

(ਡਾ. ਅਸ਼ਵਨੀ ਕੁਮਾਰ, ਮੁਖੀ, ਵੈਟਨਰੀ ਮੈਡੀਸਨ ਵਿਭਾਗ)